ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

08:30

ਮਿਤੀ : 17-11-2026

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਫਿਲੀਪੀਨਜ਼ ਦੇ ਮਨੀਲਾ ਵਿੱਚ, 23ਵੇਂ ਆਸੀਆਨ-ਭਾਰਤ ਸਿਖ਼ਰ ਸੰਮੇਲਨ ਅਤੇ 21ਵੇਂ ਪੂਰਬੀ ਏਸ਼ੀਆ ਸੰਮੇਲਨ ਵਿੱਚ ਹਿੱਸਾ ਲੈਣਗੇ।

- ਭਾਰਤ ਨੂੰ ਅੰਤਰ-ਰਾਸ਼ਟਰੀ ਦੂਰਸੰਚਾਰ ਯੂਨੀਅਨ ਕੌਂਸਲ ਵਾਸਤੇ ਸਾਲ 2027-30 ਦੇ ਕਾਰਜਕਾਲ ਲਈ, ਮੁੜ ਤੋਂ ਚੁਣਿਆ ਗਿਆ।

- ਉੱਤਰਾਖੰਡ ਵਿੱਚ 'ਚਾਰ ਧਾਮ ਯਾਤਰਾ', ਬਦਰੀਨਾਥ ਧਾਮ ਦੇ ਕਪਾਟ ਬੰਦ ਹੋਣ ਨਾਲ ਸਮਾਪਤ ਹੋਈ।

- ਆਕਾਸ਼ਵਾਣੀ ਅੱਜ ਤੋਂ ਨੌਜਵਾਨ ਕਲਾਕਾਰਾਂ ਦੇ "ਆਕਾਸ਼ਵਾਣੀ ਰਾਈਜ਼ਿੰਗ ਸਟਾਰਸ" ਦੇ ਪਹਿਲੇ ਐਡੀਸ਼ਨ ਦੀ ਸ਼ੁਰੂਆਤ ਕਰੇਗਾ।

- ਰਾਜਸਥਾਨ ਵਿੱਚ ਵਿਸ਼ਵ-ਪ੍ਰਸਿੱਧ ਪੁਸ਼ਕਰ ਮੇਲਾ ਅੱਜ ਧਾਰਮਿਕ ਰੀਤੀ-ਰਿਵਾਜਾਂ ਨਾਲ ਰਸਮੀ ਤੌਰ 'ਤੇ ਸ਼ੁਰੂ ਹੋਇਆ।

- SAFF ਚੈਂਪੀਅਨਸ਼ਿਪ ਦੇ ਫਾਈਨਲ ਵਿੱਚ, ਅੱਜ ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ ਪਾਕਿਸਤਾਨ ਨਾਲ ਹੋਵੇਗਾ।

ਹੁਣ ਖਬਰਾਂ ਵਿਸਥਾਰ ਨਾਲ

ਪ੍ਰਧਾਨ ਮੰਤਰੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਫਿਲੀਪੀਨਜ਼ ਦੇ ਮਨੀਲਾ ਵਿੱਚ 23ਵੇਂ ਆਸੀਆਨ-ਭਾਰਤ ਸਿਖ਼ਰ ਸੰਮੇਲਨ ਅਤੇ 21ਵੇਂ ਪੂਰਬੀ ਏਸ਼ੀਆ ਸੰਮੇਲਨ ਵਿੱਚ ਹਿੱਸਾ ਲੈਣਗੇ।

ਇਹ ਦੋਵੇਂ ਸੰਮੇਲਨ 2026 ਲਈ ਫਿਲੀਪੀਨਜ਼ ਵਲੋਂ ਆਪਣੀ ਆਸੀਆਨ ਪ੍ਰਧਾਨਗੀ ਹੇਠ ਆਯੋਜਿਤ ਕੀਤੇ ਜਾ ਰਹੇ ਨੇ।

ਸਾਡੇ ਪਤਰਕਾਰ ਨੇ ਦਸਿਆ ਕਿ ਇਨ੍ਹਾਂ ਸੰਮੇਲਨਾਂ ਦੌਰਾਨ, ਪ੍ਰਧਾਨ ਮੰਤਰੀ ਖੇਤਰੀ ਸਮੂਹਾਂ ਨਾਲ ਭਾਰਤ ਦੀ ਵਿਆਪਕ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਅਤੇ ਆਪਸੀ ਹਿੱਤਾਂ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ

'ਤੇ ਆਸੀਆਨ ਨੇਤਾਵਾਂ ਨਾਲ ਗੱਲਬਾਤ ਕਰਨਗੇ। 23ਵੇਂ ਆਸੀਆਨ-ਭਾਰਤ ਸੰਮੇਲਨ ਵਿੱਚ, ਨੇਤਾ ਆਸੀਆਨ-ਭਾਰਤ ਕਾਰਜ ਯੋਜਨਾ 2026-2030 ਸਮੇਤ ਵਿਆਪਕ ਰਣਨੀਤਕ ਭਾਈਵਾਲੀ ਨੂੰ ਲਾਗੂ ਕਰਨ ਵਿੱਚ ਪ੍ਰਗਤੀ ਦੀ ਸਮੀਖਿਆ ਅਤੇ ਸਹਿਯੋਗ ਦੀ ਭਵਿੱਖੀ ਦਿਸ਼ਾ 'ਤੇ ਚਰਚਾ ਕਰਨਗੇ।

ਪ੍ਰਧਾਨ ਮੰਤਰੀ 21ਵੇਂ ਪੂਰਬੀ ਏਸ਼ੀਆ ਸੰਮੇਲਨ ਵਿੱਚ ਵੀ ਸ਼ਾਮਲ ਹੋਣਗੇ, ਜੋ ਖੇਤਰੀ ਅਤੇ ਵਿਸ਼ਵਵਿਆਪੀ ਵਿਕਾਸ 'ਤੇ ਚਰਚਾ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਏ। ਚਰਚਾਵਾਂ ਭਾਰਤ-ਪ੍ਰਸ਼ਾਂਤ ਖੇਤਰ ਵਿੱਚ ਸ਼ਾਂਤੀ, ਸਥਿਰਤਾ, ਸੁਰੱਖਿਆ ਅਤੇ ਸਹਿਯੋਗ 'ਤੇ ਕੇਂਦ੍ਰਿਤ ਹੋਣ ਦੀ ਉਮੀਦ ਏ।

ਭਾਰਤ ਅਤੇ ਆਸੀਆਨ 2026 ਨੂੰ ਆਸੀਆਨ-ਭਾਰਤ ਸਮੁੰਦਰੀ ਸਹਿਯੋਗ ਸਾਲ ਵਜੋਂ ਮਨਾ ਰਹੇ ਨੇ।

ਭਾਰਤ ਨੂੰ 2027-2030 ਦੇ ਕਾਰਜਕਾਲ ਵਾਸਤੇ, ਅੰਤਰਰਾਸ਼ਟਰੀ ਦੂਰਸੰਚਾਰ ਯੂਨੀਅਨ ਕੌਂਸਲ ਲਈ ਮੁੜ ਚੁਣ ਲਿਆ ਗਿਆ ਏ। ਕਤਰ ਦੀ ਰਾਜਧਾਨੀ ਦੋਹਾ ਵਿੱਚ, ਅੰਤਰਰਾਸ਼ਟਰੀ ਦੂਰਸੰਚਾਰ ਯੂਨੀਅਨ ਪਲੈਨੀ-ਪੋਟੈਂਸ਼ਰੀ ਕਾਨਫਰੰਸ-2026 ਵਿੱਚ, ਭਾਰਤ ਨੂੰ ਅਗਲੇ ਕਾਰਜਕਾਲ ਲਈ ਚੁਣਿਆ ਗਿਆ। ਇਹ ਕੌਂਸਲ ਆਲਮੀ ਪੱਧਰੀ ਦੂਰਸੰਚਾਰ ਨੀਤੀਆਂ,

ਰਣਨੀਤਕ ਤੇ ਵਿੱਤੀ ਯੋਜਨਾਵਾਂ ਅਤੇ ਕਾਰਜ ਸਮੂਹਾਂ ਦੀ ਨਿਗਰਾਨੀ ਕਰਦੀ ਏ।

ਕੇਂਦਰੀ ਸੰਚਾਰ ਮੰਤਰੀ ਜੋਤਿਰਾਦਿੱਤਿਆ ਸਿੰਧੀਆ ਨੇ ਕਿਹਾ ਕਿ, ਅੰਤਰਰਾਸ਼ਟਰੀ ਦੂਰਸੰਚਾਰ ਯੂਨੀਅਨ ਕੌਂਸਲ ਦੀਆਂ ਚੋਣਾਂ ਵਿੱਚ ਦੇਸ਼ ਦੀ ਸ਼ਾਨਦਾਰ ਜਿੱਤ, ਆਲਮੀ ਭਾਈਚਾਰੇ ਵੱਲੋਂ ਭਾਰਤ ਦੀਆਂ ਵਧ ਰਹੀਆਂ ਸਮਰੱਥਾਵਾਂ 'ਤੇ ਕੀਤੇ ਭਰੋਸੇ ਅਤੇ ਵਿਸ਼ਵਾਸ ਨੂੰ ਦਰਸਾਉਂਦੀ ਏ।

ਡਿਜੀਟਲ ਭਵਿੱਖ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਦੂਰਸੰਚਾਰ ਵਿਭਾਗ ਨੇ ਕਿਹਾ ਕਿ ਭਾਰਤ ਸਾਰੇ ਮੈਂਬਰ ਦੇਸ਼ਾਂ ਨਾਲ ਰਲ ਕੇ, ਇੱਕ ਅਜਿਹੇ ਡਿਜੀਟਲ ਭਵਿੱਖ ਵੱਲ ਕੰਮ ਕਰਨ ਲਈ ਵਚਨਬੱਧ ਏ, ਜੋ ਸਮਾਵੇਸ਼ੀ, ਸੁਰੱਖਿਅਤ ਅਤੇ ਨਿਰੰਤਰ ਹੋਵੇ।

8 ਅਕਤੂਬਰ ਨੂੰ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਸੀ ਕਿ ਭਾਰਤ ਦਾ ਦੂਰਸੰਚਾਰ ਖੇਤਰ ਹੁਣ ਸਿਰਫ਼ ਨੈੱਟਵਰਕ, ਸਪੈਕਟ੍ਰਮ ਅਤੇ ਇੰਟਰਨੈੱਟ ਸਪੀਡ ਤੱਕ ਸੀਮਤ ਨਹੀਂ ਰਿਹਾ, ਸਗੋਂ ਮੋਬਾਈਲ ਕਨੈਕਟੀਵਿਟੀ, ਹੁਣ ਸ਼ਾਸਨ ਅਤੇ ਜਨਤਕ ਸੇਵਾਵਾਂ ਤੱਕ ਪਹੁੰਚ ਯਕੀਨੀ ਬਣਾਉਣ ਦਾ ਇੱਕ ਮੁੱਖ ਸਾਧਨ ਬਣ ਗਿਆ ਏ।

ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਬਾਰੇ ਮੰਤਰੀ ਭੂਪੇਂਦਰ ਯਾਦਵ ਨੇ ਆਲਮੀ ਨਿਆਂਪੂਰਨ ਤਬਦੀਲੀ ਏਜੰਡੇ ਨੂੰ ਸਿਰਫ਼

ਗੱਲਬਾਤ ਅਤੇ ਤਜ਼ਰਬਿਆਂ ਦੇ ਆਦਾਨ-ਪ੍ਰਦਾਨ ਤੱਕ ਸੀਮਤ ਕਰਨ ਦੀ ਬਜਾਏ, ਵਿਹਾਰਕ ਤੌਰ 'ਤੇ ਲਾਗੂ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਏ।

ਉਨ੍ਹਾਂ ਕਿਹਾ ਕਿ ਇਸ ਨੂੰ ਪ੍ਰਾਪਤ ਕਰਨ ਲਈ ਦੇਸ਼ਾਂ ਦੇ ਹਾਲਾਤ ਅਤੇ ਤਰਜੀਹਾਂ ਮੁਤਾਬਿਕ ਕਦਮ ਚੁੱਕੇ ਜਾਣੇ ਚਾਹੀਦੇ ਨੇ।

ਅੰਤਾਂਲਿਆ ਵਿੱਚ UN-FC-CC-COP-31 ਦੌਰਾਨ ਆਯੋਜਿਤ UAE ਨਿਆਂਪੂਰਨ ਤਬਦੀਲੀ ਕਾਰਜ ਪ੍ਰੋਗਰਾਮ ਦੇ ਤਹਿਤ, ਨਿਆਂਪੂਰਨ ਤਬਦੀਲੀ 'ਤੇ ਚੌਥੀ ਸਾਲਾਨਾ ਉੱਚ-ਪੱਧਰੀ ਮੰਤਰੀਆਂ ਦੀ ਗੋਲਮੇਜ਼ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਯਾਦਵ ਨੇ ਇੱਕ ਸਮਾਵੇਸ਼ੀ ਅਤੇ ਨਿਆਂਪੂਰਨ ਵਿਸ਼ਵ ਤਬਦੀਲੀ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਇਆ।

ਸ਼੍ਰੀ ਯਾਦਵ ਨੇ ਭਾਰਤ ਵਿੱਚ ਨਵਿ-ਆਉਣਯੋਗ ਊਰਜਾ ਦੇ ਵਿਸਥਾਰ ਦਾ ਵੀ ਜ਼ਿਕਰ ਕੀਤਾ, ਜਿਸਦਾ ਉਦੇਸ਼ ਘੱਟ-ਕਾਰਬਨ ਨੀਕਾਸ ਨੂੰ ਅੱਗੇ ਵਧਾਉਂਦੇ ਹੋਏ, ਕਿਫਾਇਤੀ ਊਰਜਾ ਉਪਲਬਧਤਾ ਨੂੰ ਯਕੀਨੀ ਬਣਾਉਣਾ ਏ। ਉਨ੍ਹਾਂ ਕਿਹਾ ਕਿ ਇਹ ਉਦਾਹਰਣ, ਜਲਵਾਯੂ ਪਰਿਵਰਤਨ, ਰੋਜ਼ੀ-ਰੋਟੀ ਅਤੇ ਵਿਕਾਸ ਦੇ ਪ੍ਰਭਾਵਾਂ ਨੂੰ ਹੱਲ ਕਰਨ ਵਾਸਤੇ ਯੋਜਨਾਵਾਂ ਤਿਆਰ ਕਰਦੇ ਸਮੇਂ ਨਿਆਂਪੂਰਨ ਤਬਦੀਲੀ ਪਹਿਲੂਆਂ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਨੂੰ ਦਰਸਾਉਂਦੀਆਂ ਨੇ।

ਉਨ੍ਹਾਂ ਨੇ UAE ਨਿਆਂਪੂਰਨ ਤਬਦੀਲੀ ਕਾਰਜ ਪ੍ਰੋਗਰਾਮ ਅਤੇ ਤਜਵੀਜ਼ਸ਼ੀਦਾ ਨਿਆਂਪੂਰਨ ਤਬਦੀਲੀ ਵਿਧੀ ਦੀਆਂ ਭੂਮਿਕਾਵਾਂ ਨੂੰ

ਸਪਸ਼ਟ ਤੌਰ 'ਤੇ ਪਰਿਭਾਸ਼ਿਤ ਕਰਨ ਅਤੇ ਉਨ੍ਹਾਂ ਦੇ ਤਾਲਮੇਲ ਨੂੰ ਯਕੀਨੀ ਬਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਉੱਤਰਾਖੰਡ ਵਿੱਚ ਇਸ ਸਾਲ ਚਾਰ ਧਾਮ ਯਾਤਰਾ ਕੱਲ੍ਹ ਸਰਦੀਆਂ ਦੇ ਮੌਸਮ ਵਾਸਤੇ, ਬਦਰੀਨਾਥ ਧਾਮ ਦੇ ਕਪਾਟ ਬੰਦ ਕਰਨ ਨਾਲ ਸਮਾਪਤ ਹੋਈ। ਧਾਰਮਿਕ ਰਿਵਾਇਤਾਂ ਮੁਤਾਬਿਕ ਮੰਦਰ ਦੇ ਕਪਾਟ ਵੈਦਿਕ ਜਾਪ ਅਤੇ ਪੂਰੀਆਂ ਰਸਮਾਂ ਨਾਲ ਬੰਦ ਕੀਤੇ ਗਏ। ਇਸ ਮੌਕੇ ਮੰਦਰ ਵਿੱਚ, ਵੱਡੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਰਹੇ।

ਕਪਾਟ ਦੇ ਬੰਦ ਹੋਣ ਤੋਂ ਪਹਿਲਾਂ, ਮੰਦਰ ਦੇ ਅੰਦਰ ਨਿਰਧਾਰਤ ਧਾਰਮਿਕ ਰਸਮਾਂ ਕੀਤੀਆਂ ਗਈਆਂ। ਰਿਵਾਇਤਾਂ ਮੁਤਾਬਿਕ ਦੇਵੀ ਲਕਸ਼ਮੀ ਨੂੰ ਗਰਭ ਗ੍ਰਹਿ ਵਿੱਚ ਸਥਾਪਿਤ ਕੀਤਾ ਗਿਆ। ਇਸ ਤੋਂ ਬਾਅਦ, ਭਗਵਾਨ ਬਦਰੀ ਵਿਸ਼ਾਲ ਦੇ ਕਪਾਟ, ਸਰਦੀਆਂ ਦੇ ਮੌਸਮ ਲਈ ਬੰਦ ਕਰ ਦਿੱਤੇ ਗਏ।

ਇਸ ਸਾਲ, ਚਾਰ ਧਾਮ ਯਾਤਰਾ ਦੌਰਾਨ, ਭਾਰਤ ਅਤੇ ਵਿਦੇਸ਼ਾਂ ਤੋਂ 65 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਚਾਰ ਧਾਮ ਦੇ ਦਰਸ਼ਨ ਕੀਤੇ। ਇਨ੍ਹਾਂ ਵਿੱਚੋਂ, 23 ਲਖ ਤੋਂ ਵੱਧ ਸ਼ਰਧਾਲੂਆਂ ਨੇ ਇਕੱਲੇ ਬਦਰੀਨਾਥ ਧਾਮ ਦਾ ਦੌਰਾ ਕੀਤਾ । ਇਹ ਇੱਕ ਨਵਾਂ ਰਿਕਾਰਡ ਏ।

ਇਸ ਤੋਂ ਪਹਿਲਾਂ, 11 ਨਵੰਬਰ ਨੂੰ, ਕੇਦਾਰਨਾਥ ਧਾਮ ਦੇ ਕਪਾਟ ਵੀ ਸਰਦੀਆਂ ਦੇ ਮੌਸਮ ਲਈ ਪੂਰੀਆਂ ਰਸਮਾਂ ਨਾਲ ਬੰਦ ਕਰ ਦਿੱਤੇ ਗਏ। ਇਸ ਸਾਲ ਦੀ ਯਾਤਰਾ ਦੌਰਾਨ, 19 ਲੱਖ 20 ਹਜ਼ਾਰ ਤੋਂ ਵੱਧ ਸ਼ਰਧਾਲੂਆਂ ਨੇ ਕੇਦਾਰਨਾਥ ਧਾਮ ਦੇ ਦਰਸ਼ਨ ਕੀਤੇ।

ਨੀਤੀ ਆਯੋਗ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਰਕਾਰ ਦੇ ਮੁਖੀ ਵਜੋਂ 25 ਸਾਲਾਂ ਦੇ ਤਜਰਬਿਆਂ ਤੋਂ ਸਿੱਖ ਲੈਣ ਦੇ ਉਦੇਸ਼ ਨਾਲ, ਅੱਜ ਤੋਂ ਪੰਜ ਰਾਸ਼ਟਰੀ ਵਰਕਸ਼ਾਪਾਂ ਦੀ ਇੱਕ ਲੜੀ ਦੀ ਸ਼ੁਰੂਆਤ ਕਰੇਗਾ। ਇਨ੍ਹਾਂ ਵਰਕਸ਼ਾਪਾਂ ਵਿੱਚ, ਪੰਜ ਪ੍ਰਮੁੱਖ ਵਿਸ਼ਿਆਂ 'ਤੇ ਚਰਚਾ ਕੀਤੀ ਜਾਵੇਗੀ। ਇਨ੍ਹਾਂ ਵਿੱਚ, ਮਿਸ਼ਨ ਦੇ ਰੂਪ 'ਚ ਲੀਡਰਸ਼ਿਪ, ਨਤੀਜਾ-ਮੁਖੀ ਸ਼ਾਸਨ, ਸਮਾਵੇਸ਼ੀ ਵਿਕਾਸ, ਸੱਭਿਆਗਤ ਪਛਾਣ ਅਤੇ ਭਾਰਤ ਦੀ ਆਲਮੀ ਭੂਮਿਕਾ ਸ਼ਾਮਲ ਏ।

ਪਹਿਲੀ ਵਰਕਸ਼ਾਪ, 'ਮਿਸ਼ਨ ਦੇ ਰੂਪ 'ਚ ਲੀਡਰਸ਼ਿਪ' ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਕਰਾਈ ਜਾਵੇਗੀ। ਇਸ ਵਿੱਚ 2001 ਦੇ ਭੂਚਾਲ ਤੋਂ ਬਾਅਦ, ਕੱਛ ਦੇ ਪੁਨਰ ਨਿਰਮਾਣ, ਕੋਵਿਡ ਮਹਾਂਮਾਰੀ ਦੌਰਾਨ ਭਾਰਤ ਦੀ ਪ੍ਰਤੀਕਿਰਿਆ, ਲਖਪਤੀ ਦੀਦੀ ਪਹਿਲਕਦਮੀ ਅਤੇ ਪੁਲਾੜ ਖੇਤਰ ਨੂੰ ਨਿੱਜੀ ਹਿੱਸੇਦਾਰੀ ਲਈ, ਖੋਲ੍ਹਣ ਸਮੇਤ, ਮੁੱਖ ਸ਼ਾਸਨ ਪਹਿਲਕਦਮੀਆਂ ਦੇ ਤਜ਼ਰਬੇ ਸਾਂਝੇ ਕੀਤੇ ਜਾਣਗੇ।

ਆਕਾਸ਼ਵਾਣੀ ਅੱਜ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਕਲਾਕਾਰਾਂ ਵਲੋਂ ਪੇਸ਼ ਕੀਤੇ ਗਏ ਵਿਸ਼ੇਸ਼ ਸੰਗੀਤਕ ਪ੍ਰੋਗਰਾਮਾਂ ਦੀ ਇੱਕ ਦੇਸ਼ ਵਿਆਪੀ ਲੜੀ "ਆਕਾਸ਼ਵਾਣੀ ਰਾਈਜ਼ਿੰਗ ਸਟਾਰਸ" ਦੇ ਪਹਿਲੇ ਐਡੀਸ਼ਨ ਦੀ ਸ਼ੁਰੂਆਤ ਕਰੇਗਾ।

ਇਸ ਸੰਗੀਤਕ ਲੜੀ ਦੇ ਪਹਿਲੇ ਐਡੀਸ਼ਨ ਵਿੱਚ, ਦੇਸ਼ ਭਰ ਦੇ 26 ਕੇਂਦਰਾਂ 'ਤੇ ਸੰਗੀਤ ਸਮਾਰੋਹ ਹੋਣਗੇ, ਜੋ ਅੱਜ ਤੋਂ ਇਸ ਮਹੀਨੇ ਦੀ 30 ਤਰੀਕ ਤੱਕ ਚੱਲਣਗੇ। ਇਹ ਪ੍ਰੋਗਰਾਮ ਨੌਜਵਾਨ ਅਤੇ ਉੱਭਰ ਰਹੇ ਸੰਗੀਤਕ ਕਲਾਕਾਰਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਵਿਸ਼ਾਲ ਦਰਸ਼ਕਾਂ ਨਾਲ ਜੁੜਨ ਵਾਸਤੇ ਇੱਕ ਵੱਕਾਰੀ ਰਾਸ਼ਟਰੀ ਮੰਚ ਪ੍ਰਦਾਨ ਕਰਨਗੇ।

ਇਹ ਪਹਿਲ ਆਕਾਸ਼ਵਾਣੀ ਦੀ 90ਵੀਂ ਵਰ੍ਹੇਗੰਢ ਦੇ ਜਸ਼ਨਾਂ ਦਾ ਹਿੱਸਾ ਏ। ਇਹ ਸੰਗੀਤਕ ਪ੍ਰਤਿਭਾ ਦੀ ਪਛਾਣ ਕਰਨ, ਉਤਸ਼ਾਹਿਤ ਕਰਨ ਅਤੇ ਪਾਲਣ ਪੋਸ਼ਣ ਵਾਸਤੇ ਆਕਾਸ਼ਵਾਣੀ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਏ।

"ਆਕਾਸ਼ਵਾਣੀ ਰਾਈਜ਼ਿੰਗ ਸਟਾਰਸ" ਦਾ ਉਦੇਸ਼, ਕਲਾਕਾਰਾਂ ਦੀ ਨਵੀਂ ਪੀੜ੍ਹੀ ਨੂੰ ਇੱਕ ਮੰਚ ਪ੍ਰਦਾਨ ਕਰਕੇ, ਆਕਾਸ਼ਵਾਣੀ ਦੀ ਇਸ ਸ਼ਾਨਦਾਰ ਰਿਵਾਇਤ ਨੂੰ ਅੱਗੇ ਵਧਾਉਣਾ ਏ।

ਰਾਜਸਥਾਨ ਵਿੱਚ ਵਿਸ਼ਵ-ਪ੍ਰਸਿੱਧ ਪੁਸ਼ਕਰ ਮੇਲਾ, ਅੱਜ ਰਵਾਇਤੀ ਝੰਡਾ ਲਹਿਰਾਉਣ ਦੀ ਰਸਮ ਅਤੇ ਧਾਰਮਿਕ ਰੀਤੀ-ਰਿਵਾਜਾਂ ਨਾਲ ਰਸਮੀ ਤੌਰ 'ਤੇ ਸ਼ੁਰੂ ਹੋਇਆ। ਧਾਰਮਿਕ, ਸੱਭਿਆਚਾਰਕ ਅਤੇ ਪਸ਼ੂ ਮੇਲੇ ਦੇ ਰੂਪ ਵਿੱਚ ਤਿੰਨ ਗੇੜ ਵਿੱਚ ਆਯੋਜਿਤ ਇਹ ਮੇਲਾ, 24 ਨਵੰਬਰ ਤੱਕ ਜਾਰੀ ਰਹੇਗਾ। ਹਫ਼ਤੇ ਭਰ ਚੱਲਣ ਵਾਲੇ ਜਸ਼ਨਾਂ ਦੌਰਾਨ, ਪਵਿੱਤਰ ਪੁਸ਼ਕਰ ਝੀਲ ਦੇ ਘਾਟਾਂ 'ਤੇ ਧਾਰਮਿਕ ਸਮਾਰੋਹ ਅਤੇ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ।

ਕਾਨੂੰਨ ਅਤੇ ਨਿਆਂ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕੱਲ ਨਵੀਂ ਦਿੱਲੀ ਵਿੱਚ, ਰਾਜ ਦੇ ਐਡਵੋਕੇਟ ਜਨਰਲਾਂ ਨਾਲ ਇੱਕ ਵਰਚੁਅਲ ਮੀਟਿੰਗ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੇਘਵਾਲ ਨੇ ਕਿਹਾ ਕਿ ਮੀਟਿੰਗ ਵਿੱਚ ਸਰਕਾਰੀ ਮੁਕੱਦਮੇਬਾਜ਼ੀ ਨੂੰ ਘਟਾਉਣ ਅਤੇ ਅਪਰਾਧਿਕ ਮਾਮਲਿਆਂ ਦੇ ਨਿਪਟਾਰੇ ਵਿੱਚ ਤੇਜ਼ੀ ਲਿਆਉਣ ਵਰਗੇ ਮੁੱਖ ਮੁੱਦਿਆਂ ਦੀ ਸਮੀਖਿਆ ਕੀਤੀ ਗਈ ਏ।

ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਕੱਲ੍ਹ ਤੋਂ ਨਵੀਂ ਦਿੱਲੀ ਵਿੱਚ ਦੋ-ਰੋਜ਼ਾ ਵਿਭਾਗੀ ਸੰਮੇਲਨ, "ਸਮੂਹਿਕ ਨੀਤੀ ਸੰਕਲਪ" ਦਾ

ਆਯੋਜਨ ਕਰੇਗਾ। ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਕਲਪਨਾ ਮੁਤਾਬਿਕ ਕੀਤੇ ਗਏ ਵਿਭਾਗਾਂ ਦੇ ਸੰਮੇਲਨਾਂ ਦੀ ਲੜੀ ਦਾ ਤੀਜਾ ਹਿੱਸਾ ਏ। ਇਸਦਾ ਉਦੇਸ਼, ਰਾਸ਼ਟਰੀ ਤਰਜੀਹਾਂ ਪ੍ਰਤੀ ਸਮੂਹਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਏ।

ਹਰਿਆਣਾ ਦਹਿਸ਼ਤਗਰਦੀ ਵਿਰੋਧੀ ਦਸਤੇ-ATS ਨੇ ਇੱਕ ਅੰਤਰਰਾਸ਼ਟਰੀ ਨਾਰਕੋ-ਦਹਿਸ਼ਤਗਰਦੀ ਨੈੱਟਵਰਕ ਅਤੇ ਪੰਚਕੂਲਾ ਦੇ ਇੱਕ ਕਲੱਬ ਵਿੱਚ ਹੋਈ ਗੋਲੀਬਾਰੀ ਦੀ ਘਟਨਾ ਦੇ ਸਬੰਧ ਵਿੱਚ, ਦੋ ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਏ।

ਕੱਲ ਪੰਚਕੂਲਾ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਦਹਿਸ਼ਤਗਰਦੀ ਵਿਰੋਧੀ ਦਸਤਾ ਦੇ ਪੁਲਿਸ ਸੁਪਰਡੈਂਟ ਕੁਲਦੀਪ ਸਿੰਘ ਨੇ ਕਿਹਾ ਕਿ ਬਲਵਿੰਦਰ ਸਿੰਘ ਦੀ ਗ੍ਰਿਫ਼ਤਾਰੀ ਲਈ, 50 ਹਜ਼ਾਰ ਅਤੇ ਸੁਖਵਿੰਦਰ ਸਿੰਘ ਲਈ 10 ਹਜ਼ਾਰ ਦਾ ਇਨਾਮ ਐਲਾਨਿਆ ਗਿਆ ਸੀ। ਦੋਵੇਂ ਵਿਅਕਤੀ ਗ੍ਰਿਫ਼ਤਾਰੀ ਤੋਂ ਬਚਣ ਲਈ ਲੰਬੇ ਸਮੇਂ ਤੋਂ ਆਪਣੀ ਪਛਾਣ ਅਤੇ ਥਾਵਾਂ ਵਾਰ-ਵਾਰ ਬਦਲ ਰਹੇ ਸਨ।

ਫੁੱਟਬਾਲ ਵਿੱਚ, SAFF ਚੈਂਪੀਅਨਸ਼ਿਪ ਦੇ ਫਾਈਨਲ ਵਿੱਚ, ਅੱਜ ਮੌਜੂਦਾ

ਚੈਂਪੀਅਨ ਭਾਰਤ ਦਾ ਮੁਕਾਬਲਾ ਪਾਕਿਸਤਾਨ ਨਾਲ ਹੋਵੇਗਾ। ਇਹ ਮੈਚ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੇ ਰਾਸ਼ਟਰੀ ਸਟੇਡੀਅਮ ਵਿੱਚ ਖੇਡਿਆ ਜਾਵੇਗਾ।

ਭਾਰਤ ਦਾ ਟੀਚਾ, ਰਿਕਾਰਡ 10ਵੀਂ ਵਾਰ SAFF ਚੈਂਪੀਅਨਸ਼ਿਪ ਦਾ ਖਿਤਾਬ ਜਿੱਤਣ ਦਾ ਹੋਵੇਗਾ। ਇਸ ਦੇ ਨਾਲ ਹੀ, ਭਾਰਤੀ ਟੀਮ ਲਗਾਤਾਰ ਤੀਜੀ ਵਾਰ ਇਹ ਟੂਰਨਾਮੈਂਟ ਜਿੱਤ ਕੇ ਇਤਿਹਾਸ ਰਚਣ ਦੀ ਕੋਸ਼ਿਸ਼ ਕਰੇਗੀ।

ਭਾਰਤੀ ਟੀਮ ਨੇ ਸ਼ਨਿਚਰਵਾਰ ਨੂੰ ਖੇਡੇ ਗਏ ਸੈਮੀਫਾਈਨਲ ਵਿੱਚ, ਭੂਟਾਨ ਨੂੰ 2-1 ਨਾਲ ਹਰਾ ਕੇ ਫਾਈਨਲ ਵਿੱਚ ਪਹੁੰਚ ਪੱਕੀ ਕੀਤੀ ਸੀ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਫਿਲੀਪੀਨਜ਼ ਦੇ ਮਨੀਲਾ ਵਿੱਚ, 23ਵੇਂ ਆਸੀਆਨ-ਭਾਰਤ ਸਿਖ਼ਰ ਸੰਮੇਲਨ ਅਤੇ 21ਵੇਂ ਪੂਰਬੀ ਏਸ਼ੀਆ ਸੰਮੇਲਨ ਵਿੱਚ ਹਿੱਸਾ ਲੈਣਗੇ।

- ਭਾਰਤ ਨੂੰ ਅੰਤਰ-ਰਾਸ਼ਟਰੀ ਦੂਰਸੰਚਾਰ ਯੂਨੀਅਨ ਕੌਂਸਲ ਵਾਸਤੇ ਸਾਲ 2027-30 ਦੇ ਕਾਰਜਕਾਲ ਲਈ, ਮੁੜ ਤੋਂ ਚੁਣਿਆ ਗਿਆ।

- ਉੱਤਰਾਖੰਡ ਵਿੱਚ 'ਚਾਰ ਧਾਮ ਯਾਤਰਾ', ਬਦਰੀਨਾਥ ਧਾਮ ਦੇ ਕਪਾਟ ਬੰਦ ਹੋਣ ਨਾਲ ਸਮਾਪਤ ਹੋਈ।

- ਆਕਾਸ਼ਵਾਣੀ ਅੱਜ ਤੋਂ ਨੌਜਵਾਨ ਕਲਾਕਾਰਾਂ ਦੇ "ਆਕਾਸ਼ਵਾਣੀ ਰਾਈਜ਼ਿੰਗ ਸਟਾਰਸ" ਦੇ ਪਹਿਲੇ ਐਡੀਸ਼ਨ ਦੀ ਸ਼ੁਰੂਆਤ ਕਰੇਗਾ।

- ਰਾਜਸਥਾਨ ਵਿੱਚ ਵਿਸ਼ਵ-ਪ੍ਰਸਿੱਧ ਪੁਸ਼ਕਰ ਮੇਲਾ ਅੱਜ ਧਾਰਮਿਕ ਰੀਤੀ-ਰਿਵਾਜਾਂ ਨਾਲ ਰਸਮੀ ਤੌਰ 'ਤੇ ਸ਼ੁਰੂ ਹੋਇਆ।

- SAFF ਚੈਂਪੀਅਨਸ਼ਿਪ ਦੇ ਫਾਈਨਲ ਵਿੱਚ, ਅੱਜ ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ ਪਾਕਿਸਤਾਨ ਨਾਲ ਹੋਵੇਗਾ।

ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!